**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ 2021 ਵਿੱਚ ਭਾਈਚਾਰਕ ਸੁਰੱਖਿਆ ਨੂੰ ਵਧਾਉਣ ਲਈ ਗ੍ਰਾਂਟ ਫੰਡਿੰਗ ਵਿੱਚ 150,000 ਡਾਲਰ ਪ੍ਰਦਾਨ ਕੀਤੇ

ਬ੍ਰੈਂਪਟਨ, ਓਨਟੈਰੀਓ (28 ਅਕਤੂਬਰ, 2020) – ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਐਡਵਾਂਸ ਬ੍ਰੈਂਪਟਨ ਫੰਡ – 2021 ਪ੍ਰੋਗਰਾਮ ਫ੍ਰੇਮਵਰਕ (Advance Brampton Fund – 2021 Program Framework) ਨੂੰ ਪ੍ਰਵਾਨ ਕੀਤਾ, ਜਿਸ ਵਿੱਚ ਸਾਡੇ ਭਾਈਚਾਰੇ ਵਿੱਚ ਗੈਰ-ਲਾਭ ਅਤੇ ਚੈਰਿਟੇਬਲ ਸੰਗਠਨਾਂ ਦੀ ਅਗਵਾਈ ਵਿੱਚ ਕੀਤੇ ਜਾਣ ਵਾਲੇ ਭਾਈਚਾਰਕ ਸੁਰੱਖਿਆ (Community Safety) ਅਤੇ ਸਿਹਤ ਸਬੰਧੀ ਪ੍ਰੋਜੈਕਟਾਂ ਵਿੱਚ ਮਦਦ ਕਰਨ ਲਈ, 150,000 ਡਾਲਰ ਦੀ ਗ੍ਰਾਂਟ ਫੰਡਿੰਗ ਸ਼ਾਮਲ ਹੈ।

ਐਡਵਾਂਸ ਬ੍ਰੈਂਪਟਨ ਫੰਡ ਹੇਠ ਕਮਿਉਨਿਟੀ ਸੇਫਟੀ ਫੰਡਿੰਗ ਲਈ ਪ੍ਰਵਾਨ ਕੀਤੇ ਪ੍ਰੋਜੈਕਟਾਂ ਨੂੰ, ਕਾਉਂਸਿਲ ਵੱਲੋਂ ਗ੍ਰਹਿਣ ਕੀਤੇ ਭਾਈਚਾਰਕ ਸੁਰੱਖਿਆ ਅਤੇ ਸਿਹਤ ਸਬੰਧੀ ਫ੍ਰੇਮਵਰਕ (Community Safety and Well-Being framework) ਵਿੱਚ ਦਿੱਤੇ ਦਖ਼ਲ ਦੇ ਚਾਰ ਪੱਧਰਾਂ ਵਿੱਚੋਂ ਘੱਟੋ-ਘੱਟ ਇੱਕ ਪੱਧਰ ਦੇ ਮੁਤਾਬਕ ਸੰਚਾਲਿਤ ਕਰਨ ਦੀ ਲੋੜ ਹੋਵੇਗੀ। ਇਹਨਾਂ ਵਿੱਚ ਸ਼ਾਮਲ ਹਨ:

- **ਸਮਾਜਿਕ ਵਿਕਾਸ** – ਭਾਈਚਾਰਕ ਸੁਰੱਖਿਆ ਅਤੇ ਸਿਹਤ ਵਿੱਚ ਵਾਧਾ ਕਰਨਾ ਅਤੇ ਇਸਨੂੰ ਕਾਇਮ ਰੱਖਣਾ
- **ਰੋਕਥਾਮ** – ਪਹਿਲਾਂ ਤੋਂ ਕਿਰਿਆਸ਼ੀਲ ਹੋ ਕੇ ਪਛਾਣੇ ਗਏ ਜੋਖਮਾਂ ਨੂੰ ਘਟਾਉਣਾ
- **ਜੋਖਮ ਸਬੰਧੀ ਦਖ਼ਲ** – ਵਧੇ ਜੋਖਮ ਦੀਆਂ ਸਥਿਤੀਆਂ ਨੂੰ ਦੂਰ ਕਰਨਾ
- **ਘਟਨਾ ਲਈ ਪ੍ਰਤੀਕਿਰਿਆ** – ਗੰਭੀਰ ਅਤੇ ਗੈਰ-ਗੰਭੀਰ ਘਟਨਾ ਲਈ ਪ੍ਰਤੀਕਿਰਿਆ

ਟਰਮ ਆਫ ਕਾਉਂਸਿਲ (Term of Council) ਪ੍ਰਾਇਰਟੀ ਕਿ ਬ੍ਰੈਂਪਟਨ ਇੱਕ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ, ਦੇ ਅਧੀਨ ਭਾਈਚਾਰਕ ਸੁਰੱਖਿਆ ਅਤੇ ਸਿਹਤ ਦੀ ਪਛਾਣ, ਐਡਵਾਂਸ ਬ੍ਰੈਂਪਟਨ ਫੰਡ ਦੇ ਅੰਦਰ ਇੱਕ ਉੱਭਰਦੀ ਲੋੜ ਵਜੋਂ ਕੀਤੀ ਗਈ ਸੀ।

2021 ਦੇ ਐਡਵਾਂਸ ਬ੍ਰੈਂਪਟਨ ਫੰਡ ਲਈ ਅਰਜ਼ੀਆਂ ਦੀ ਸ਼ੁਰੂਆਤ ਦਸੰਬਰ 2020 ਵਿੱਚ ਹੋਵੇਗੀ, ਕਿਉਂਕਿ 2021 ਦੇ ਸਾਲਾਨਾ ਸੰਚਾਲਨ ਬਜਟ ਲਈ ਕਾਉਂਸਿਲ ਦੀ ਪ੍ਰਵਾਨਗੀ ਵਿਚਾਰ ਅਧੀਨ ਹੈ।

## ਪਿਛੋਕੜ

ਐਡਵਾਂਸ ਬ੍ਰੈਂਪਟਨ ਫੰਡ, ਅਜਿਹੇ ਪ੍ਰੋਜੈਕਟਾਂ ਨੂੰ ਸ਼ੁਰੂ, ਵਿਕਸਿਤ ਕਰਨ ਅਤੇ ਉਹਨਾਂ ਦਾ ਵਿਸਤਾਰ ਕਰਨ ਵਿੱਚ, ਬ੍ਰੈਂਪਟਨ ਦੇ ਗੈਰ-ਲਾਭ ਅਤੇ ਚੈਰਿਟੇਬਲ ਸੰਗਠਨਾਂ ਦੀ ਮਦਦ ਕਰਦਾ ਹੈ, ਜੋ ਟਰਮ ਆਫ ਕਾਉਂਸਿਲ ਪ੍ਰਾਇਰਟੀਜ ਦੀ ਹਿਮਾਇਤ ਕਰਦੇ ਹਨ। ਗ੍ਰਾਂਟ ਦੇਣ ਵਾਲਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੇਲ ਖਾਂਦੇ ਫੰਡਾਂ ਦੇ ਨਾਲ, ਪ੍ਰੋਜੈਕਟ ਸਥਿਰਤਾ ਅਤੇ ਮਜ਼ਬੂਤ ਸਮਰੱਥਾ ਵੱਲ ਅੱਗੇ ਵਧਣ, ਤਾਂ ਜੋ ਲੋਕਲ ਗੈਰ-ਲਾਭ ਸੈਕਟਰ ਅਤੇ ਬ੍ਰੈਂਪਟਨ ਦੇ ਭਾਈਚਾਰੇ ਦੇ ਅੰਦਰ ਭਾਈਵਾਲੀ, ਸਹਿਯੋਗ ਕੀਤਾ ਜਾ ਸਕੇ ਅਤੇ ਚੰਗੀ ਤਰ੍ਹਾਂ ਸੰਚਾਲਿਤ ਅਤੇ ਅਰਥਪੂਰਣ ਕੰਮ ਦੀ ਅਗਵਾਈ ਕੀਤੀ ਜਾ ਸਕੇ।

2021 ਦੇ ਐਡਵਾਂਸ ਬ੍ਰੈਂਪਟਨ ਫੰਡ ਵਿੱਚ ਤਿੰਨ ਫੰਡਿੰਗ ਸਟ੍ਰੀਮਸ ਸ਼ਾਮਲ ਹੋਣਗੀਆਂ: ਐਮਰਜਿੰਗ ਪ੍ਰੋਜੈਕਟਸ ਸਟ੍ਰੀਮ (Emerging Projects Stream), ਡਿਵੈਲਪਿੰਗ ਪ੍ਰੋਜੈਕਟਸ ਸਟ੍ਰੀਮ (Developing Projects Stream) ਅਤੇ ਐਂਪਲੀਫਾਇੰਗ ਪ੍ਰੋਜੈਕਟਸ ਸਟ੍ਰੀਮ (Amplifying Projects Stream)।

ਗ੍ਰਾਂਟਸ ਅਤੇ ਫੰਡਿੰਗ ਸਬੰਧੀ ਮੌਕਿਆਂ ਬਾਰੇ ਹੋਰ ਜਾਣਕਾਰੀ ਲਈ ਇੱਥੇ ਕਲਿੱਕ ਕਰੋ (click here)।

**ਹਵਾਲੇ**

“ਭਾਈਚਾਰਕ ਸੁਰੱਖਿਆ ਅਤੇ ਬ੍ਰੈਂਪਟਨ ਨੂੰ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਬਣਾਉਣ ਵਿੱਚ ਯੋਗਦਾਨ ਦੇਣਾ, ਇਸ ਕਾਉਂਸਿਲ ਦੀ ਸਭ ਤੋਂ ਵੱਡੀ ਤਰਜੀਹ ਹੈ। ਅਸੀਂ ਅਜਿਹੇ ਪ੍ਰੋਜੈਕਟਾਂ ਦੀ ਅਗਵਾਈ ਕਰਨ ਲਈ ਗੈਰ-ਲਾਭ ਸੈਕਟਰ ਨਾਲ ਮਿਲ ਕੇ ਕੰਮ ਕਰ ਰਹੇ ਹਾਂ, ਜੋ 2021 ਦੇ ਐਡਵਾਂਸ ਬ੍ਰੈਂਪਟਨ ਫੰਡ ਦੁਆਰਾ, ਭਾਈਚਾਰਕ ਸੁਰੱਖਿਆ ਅਤੇ ਸਿਹਤ ਵਿੱਚ ਵਾਧਾ ਕਰਨਗੇ ਅਤੇ ਇਸਨੂੰ ਕਾਇਮ ਰੱਖਣਗੇ। ਸਾਡਾ ਸ਼ਹਿਰ, ਇਸ ਨਵੀਂ ਫੰਡਿੰਗ ਨਾਲ ਹੋਰਾਂ ਮਿਊਨਿਸਿਪਲਟੀਜ ਲਈ ਇੱਕ ਵੱਡੀ ਮਿਸਾਲ ਕਾਇਮ ਕਰਦੇ ਹੋਏ, ਸੁਰੱਖਿਆ ਪਹਿਲਕਦਮੀਆਂ ਵਿੱਚ ਪਰਿਵਰਤਨ ਕਰਨ ਵਾਲਾ ਬਣ ਗਿਆ ਹੈ।”

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

“2021 ਦੇ ਐਡਵਾਂਸ ਬ੍ਰੈਂਪਟਨ ਫੰਡ ਵਿੱਚ ਨਵੀਂ ਭਾਈਚਾਰਕ ਸੁਰੱਖਿਆ ਸਬੰਧੀ ਫੰਡਿੰਗ, ਇਹ ਯਕੀਨੀ ਬਣਾਉਣ ਦੇ ਸਾਡੇ ਕੰਮ ਵਿੱਚ ਸਾਡੀ ਮਦਦ ਕਰੇਗੀ ਕਿ ਬ੍ਰੈਂਪਟਨ ਇੱਕ ਸੁਰੱਖਿਅਤ ਸ਼ਹਿਰ ਹੈ। ਇਹ ਸਾਡੇ ਭਾਈਚਾਰੇ ਵਿੱਚ ਉਹਨਾਂ ਸੰਗਠਨਾਂ ਲਈ ਪ੍ਰੇਰਨਾ ਹੈ, ਜੋ ਭਾਈਚਾਰਕ ਸੁਰੱਖਿਆ ਸਬੰਧੀ ਜੋਖਮਾਂ ਨੂੰ ਘਟਾਉਣ, ਸੁਰੱਖਿਆ ਅਤੇ ਸਿਹਤ ਵਿੱਚ ਵਾਧਾ ਕਰਨ ਅਤੇ ਘਟਨਾ ਲਈ ਪ੍ਰਤੀਕਿਰਿਆ ਪ੍ਰਦਾਨ ਕਰਨ, ਆਪਣੇ ਪ੍ਰੋਜੈਕਟਾਂ ਨੂੰ ਅਸਲੀ ਰੂਪ ਦੇਣ ਵਾਸਤੇ ਅੱਗੇ ਆਉਣ ਅਤੇ ਫੰਡਸ ਲਈ ਅਰਜ਼ੀ ਦੇਣ ਅਤੇ ਸਾਡੇ ਭਾਈਚਾਰੇ ਨੂੰ ਰਹਿਣ ਵਾਸਤੇ ਹੋਰ ਵੀ ਬਿਹਤਰ ਥਾਂ ਬਣਾਉਣ ਵਿੱਚ ਮਦਦ ਕਰ ਸਕਦੇ ਹਨ।”

- *ਸ਼ਾਰਮੇਨ ਵਿਲੀਅਮਸ* (Charmaine Williams), *ਸਿਟੀ ਕਾਉਂਸਲਰ, ਵਾਰਡਸ 7 ਅਤੇ 8, ਚੇਅਰ, ਕਮਿਉਨਿਟੀ ਸੇਫਟੀ ਐਡਵਾਈਜਰੀ ਕਮੇਟੀ, ਸਿਟੀ ਆਫ ਬ੍ਰੈਂਪਟਨ*

“2021 ਦੇ ਐਡਵਾਂਸ ਬ੍ਰੈਂਪਟਨ ਫੰਡ ਦਾ, ਭਾਈਚਾਰਕ ਸੁਰੱਖਿਆ ਲਈ ਮਜ਼ਬੂਤ ਫ੍ਰੇਮਵਰਕ ਅਤੇ ਵਚਨਬੱਧਤਾ ਹੈ। ਭਾਈਚਾਰਕ ਸੁਰੱਖਿਆ ਅਤੇ ਸਿਹਤ ਸਬੰਧੀ ਫੰਡਿੰਗ ਦੀ ਲੋੜ ਪ੍ਰਗਟ ਹੋਈ ਅਤੇ ਅਸੀਂ ਇਸਨੂੰ ਪੂਰਾ ਕੀਤਾ। ਮੈਂ ਗੈਰ-ਲਾਭ ਅਤੇ ਚੈਰਿਟੇਬਲ ਸੰਗਠਨਾਂ ਦੇ ਲੀਡਰਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਪ੍ਰੋਜੈਕਟਾਂ ਵਾਸਤੇ ਯੋਜਨਾਵਾਂ ਬਣਾਉਣ ਅਤੇ ਅਰਜ਼ੀ ਦੇਣ। ਇਕੱਠੇ ਮਿਲ ਕੇ, ਅਸੀਂ ਸਾਡੇ ਭਾਈਚਾਰੇ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖ ਸਕਦੇ ਹਾਂ।”

- *ਪਾੱਲ ਵਿਸੇਂਟ* (Paul Vicente), *ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਵਾਈਸ-ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ, ਸਿਟੀ ਆਫ ਬ੍ਰੈਂਪਟਨ*

“ਸਿਟੀ ਦਾ ਸਟਾਫ਼, ਅਜਿਹੇ ਪ੍ਰੋਜੈਕਟਾਂ ਵਾਸਤੇ ਫੰਡਿੰਗ ਪ੍ਰਦਾਨ ਕਰਨ ਲਈ ਵਚਨਬੱਧ ਹੈ, ਜੋ ਭਾਈਚਾਰਕ ਸੁਰੱਖਿਆ ਅਤੇ ਸਿਹਤ ਵਿੱਚ ਵਾਧਾ ਕਰਨ, ਸਾਡੇ ਨਿਵਾਸੀਆਂ, ਕਾਰੋਬਾਰੀਆਂ ਅਤੇ ਹੋਰ ਲੋਕਲ ਸਟੇਕਹੋਲਡਰਾਂ ਲਈ ਜੀਵਨ ਕੁਆਲਿਟੀ ਵਿੱਚ ਸੁਧਾਰ ਕਰਨ। ਅਸੀਂ ਸਾਡੇ ਭਾਈਚਾਰੇ ਦੀ ਸੁਰੱਖਿਆ ਨੂੰ ਸਭ ਤੋਂ ਉੱਪਰ ਰੱਖਦੇ ਹੋਏ, ਅੱਗੇ ਵਧਣਾ ਜਾਰੀ ਰੱਖਣ ਲਈ ਵਿਭਾਗਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ।”

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca